# ਸ਼ਹੀਦਾਂ ਦੇ ਬੋਲ

ਮੰਨਿਆ ਕੁਝ ਵੀ ਬਾਕੀ ਨਹੀਂ ਰਿਹਾ,
ਸਾਡੀਆਂ ਨਿਰਜਿੰਦ ਹੱਡੀਆਂ ਦੇ ਸਿਵਾ।
ਫੇਰ ਵੀ ਸਾਡੀ ਤੁਹਾਡੀ ਸਾਂਝ ਹੈ,
ਮੌਤ ਪਿਛੋਂ ਵੀ ਤੁਹਾਡੇ ਹਾਂ ਅਸੀਂ।
ਤੁਸਾਂ ਸਾਡੀ ਮੌਤ ਦਾ ਮੂਲ ਪਾਵਣੈ,
ਤੇ ਤੁਸਾਂ ਕਰਨਾ ਏ ਹੁੰਨ ਫ਼ੈਸਲਾ।
ਕਿਸ ਲਈ ਜਾਨਾਂ ਅਸਾਂ ਸਨ ਵਾਰੀਆਂ,
ਕਿਉਂ ਅਸਾਂ ਜੀਵਨ ਨੂੰ ਆਖੀ ਅਲਵਿਦਾ।
ਜਿਤ ਲਈ, ਜੀਵਨ ਲਈ ਜਾਂ ਆਜ਼ਾਦੀ ਲਈ,
ਜਾਂ ਅਸੀਂ ਐਵੇਂ ਮਰੇ ਸਾਂ ਬੇ ਵਜ੍ਹਾ।
ਸਮੇਂ ਦੇ ਹੋਠਾਂ ਦੀ ਫਰਕਣ ਹੋ ਤੁਸੀਂ,
ਅਸੀਂ ਤੇ ਨਿਰਜਿੰਦ ਬੇ ਆਵਾਜ਼ ਹਾਂ।
ਫੇਰ ਵੀ ਕਾਲੀ ਤੇ ਬੋਲ਼ੀ ਰਾਤ ਨੂੰ,
ਵਕਤ ਹੁੰਦਾ ਹੈ ਜਦੋਂ ਗੁਮ ਸੁਮ ਜਿਹਾ,
ਘੜੀ ਦੀ ਟਿਕ ਟਿਕ ਜਦੋਂ ਹੈ ਗੂੰਜਦੀ,
ਅਸੀਂ ਇਹ ਪੈਗ਼ਾਮ ਦੇਂਦੇ ਹਾਂ ਸਦਾ,
ਯਾਦ ਸਾਡੀ ਨੂੰ ਤੁਸਾਂ ਹੀ ਸਾਂਭਣੈ,
ਤੇ ਸਦਾ ਸਾਡੀ ਰੂਹ ਨੂੰ ਜੀਉਂਦੇ ਰਖਣੈ।